ਪੰਜਾਬ ਸਰਕਾਰ
ਸਿੱਖਿਆ ਵਿਭਾਗ

ਸੇਵਾ ਵਿਖੇ

1. ਡਾਇਰੈਕਟਰ, ਜਨਰਲ ਸਕੂਲ ਸਿੱਖਿਆ, ਪੰਜਾਬ ।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ), ਪੰਜਾਬ ।
3. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿ), ਪੰਜਾਬ ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ ।
5. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ।

ਮੀਮੋ ਨੰ. DPISE-SEDU0RENM/27/2020-SECONDARY EDUCATION-DPISE/2021245 22-26
ਮਿਤੀ 22-1-2021

ਵਿਸ਼ਾ :- ਸਿੱਖਿਆ ਵਿਭਾਗ ਸਕੂਲ ਦੇ ਵਿੱਦਿਅਕ ਅਦਾਰਿਆਂ ਦੇ ਨਾਮ ਮਹੱਤਵਪੂਰਨ ਸਖਸ਼ੀਅਤਾਂ ਦੇ ਨਾਮ ਤੇ ਰੱਖਣ ਸਬੰਧੀ ਹਦਾਇਤਾਂ ਵਿੱਚ ਤਬਦੀਲੀ ਕਰਨ ਬਾਰੇ ।

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰਬਰ 18/19/12-1ਸਿ6/1075402/1-5 ਮਿਤੀ 29-09-2017 ਅਤੇ 18/19/12-1ਸਿ6 (ਪਫ)/609329/1-5 ਮਿਤੀ 7-11-2019 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਕੇਸ ਵਿੱਚ ਸਿੱਖਿਆ ਵਿਭਾਗ ਸਕੂਲ ਦੇ ਵਿਦਿਅਕ ਅਦਾਰਿਆਂ ਦੇ ਨਾਮ ਮਹੱਤਵਪੂਰਨ ਸਖਸ਼ੀਅਤਾਂ ਦੇ ਨਾਮ ਤੇ ਰੱਖਣ ਸਬੰਧੀ 29-09-2017 ਦੀ ਪਾਲਿਸੀ ਨੂੰ ਵਿਚਾਰਨ ਅਤੇ ਆਨਲਾਈਨ ਪੋਰਟਲ ਬਨਾਉਣ ਉਪਰੰਤ ਹੇਠ ਅਨੁਸਾਰ ਸੋਧੀਆਂ ਹਦਾਇਤਾਂ ਜਾਰੀ ਕੀਤੀਆਂ ਜਾਦੀਆਂ ਹਨ :

(i) ਸਕੂਲ ਦਾ ਨਾਮ ਸਿਰਫ ਵਿੱਛੜ ਚੁੱਕੀਆਂ ਮਹੱਤਵਪੂਰਨ ਸਖਸ਼ੀਅਤਾਂ ਦੇ ਨਾਮ ਤੇ ਰੱਖਣ ਲਈ ਹੀ ਵਿਚਾਰ ਕੀਤੀ ਜਾਵੇਗੀ । ਇਹ ਸਖਸ਼ੀਅਤਾਂ ਹੇਠ ਦਰਸਾਈਆਂ ਕੈਟਾਗਰੀਆਂ ਵਿੱਚੋਂ ਕਿਸੇ ਇੱਕ ਕੈਟਾਗਰੀ ਨਾਲ ਸਬੰਧਤ ਹੋਣ :-

(ੳ) ਪੰਜਾਬ ਰਾਜ ਦੇ ਉੱਘੇ ਆਜ਼ਾਦੀ ਘੁਲਾਟੀਏ ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਹੋਵੇ । ਪ੍ਰੰਤੂ ਜਿੱਥੇ ਕਿਤੇ ਪੰਜਾਬ ਦੇ ਸ਼ਹੀਦਾਂ ਜਾਂ ਸੁਤੰਤਰਤਾ ਸੰਗਰਾਮੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇ, ਉੱਥੇ ਸਕੂਲਾਂ ਦਾ ਨਾਮ ਰੱਖਣ ਦੀ ਸਿਫਾਰਿਸ਼ ਕਰਨ ਸਮੇਂ ਇਸ ਗੱਲ ਨੂੰ ਮੱਦੇਨਜ਼ਰ ਰੱਖਿਆ ਜਾਵੇ ਕਿ ਸ਼ਹੀਦ ਜਾਂ ਸੁਤੰਤਰਤਾ ਸੰਗਰਾਮੀ ਵੱਲੋਂ ਸਬੰਧਤ ਲਹਿਰ/ਮੂਵਮੈਂਟ ਵਿੱਚ ਉੱਘਾ ਯੋਗਦਾਨ ਪਾਇਆ ਗਿਆ ਹੋਵੇ ।

(ਅ) ਪੰਜਾਬ ਰਾਜ ਦੀਆਂ ਮਹੱਤਵਪੂਰਨ ਇਤਿਹਾਸਿਕ ਅਤੇ ਸੱਭਿਆਚਾਰਕ ਸਖਸ਼ੀਅਤਾਂ ਜਿਨ੍ਹਾਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਪੰਜਾਬ ਰਾਜ ਅਤੇ ਦੇਸ਼ ਲਈ ਮਹੱਤਵਪੂਰਨ ਯੋਗਦਾਨ ਪਾਇਆ ਗਿਆ ਹੋਵੇ ।

(ੲ) ਮਹੱਤਵਪੂਰਨ ਰੱਖਿਆ ਸਖਸ਼ੀਅਤਾਂ (ਫੌਜੀ/ਅਰਧ ਸੈਨਿਕ ਬਲ) ਜਿਨ੍ਹਾਂ ਵੱਲੋਂ ਕਿਸੇ ਵੀ ਫੌਜੀ ਝੜਪ ਜਾਂ ਸਿਵਲ ਓਪਰੇਸ਼ਨ ਦੌਰਾਨ ਬੇਮਿਸਾਲ ਬਹਾਦਰੀ ਦਾ ਪ੍ਰਦਰਸ਼ਨ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਹੋਵੇ ਜਾਂ ਸ਼ਹੀਦੀ ਉਪਰੰਤ ਸਰਵੋਤਮ ਸਨਮਾਨ/ਪਦਕ ਹਾਸਿਲ ਕੀਤਾ ਹੋਵੇ, ਪ੍ਰੰਤੂ ਪਹਿਲ ਸ਼ਹੀਦੀ ਉਪਰੰਤ ਸਰਵੋਤਮ ਸਨਮਾਨ/ ਪਦਕ ਹਾਸਿਲ ਕਰਨ ਵਾਲੇ ਸੈਨਿਕ ਨੂੰ ਦਿੱਤੀ ਜਾਵੇਗੀ ।

(ਸ) ਪੰਜਾਬ ਰਾਜ ਦੀਆਂ ਉੱਘੀਆਂ ਸਖਸ਼ੀਅਤਾਂ ਜਿਨ੍ਹਾਂ ਨੇ ਖੇਡ ਸਾਹਿਤ, ਕਲਾਂ ਜਾਂ ਜਨਤਕ ਖੇਤਰ ਵਿੱਚ ਰਾਜ/ਦੇਸ਼ ਦਾ ਸਰਵੋਤਮ ਸਨਮਾਨ/ਅਵਾਰਡ ਹਾਸਿਲ ਕੀਤਾ ਹੋਵੇ ।

(ii) ਵਿੱਤੀ ਡੋਨੇਸ਼ਨ ਦੇ ਆਧਾਰ ਤੇ ਸਕੂਲ ਦਾ ਨਾਮ ਨਹੀਂ ਬਦਲਿਆ ਜਾਵੇਗਾ । ਲਿਮਟਿਡ ਪ੍ਰੋਜੈਕਟ, ਜਿਵੇਂ ਕਿ ਕਮਰੇ ਦੀ ਉਸਾਰੀ, ਲਾਇਬ੍ਰੇਰੀ, ਲੈਬੋਰੇਟਰੀ, ਸ਼ੈਡ ਆਦਿ ਦੀ ਉਸਾਰੀ ਲਈ ਛੋਟੀ ਮਾਤਰਾ ਵਿੱਚ ਦਿੱਤੀ ਗਈ ਵਿੱਤੀ ਸਹਾਇਤਾ ਦੇ ਕੇਸਾਂ ਵਿੱਚ,ਦਾਨਕਰਤਾ ਵੱਲੋਂ ਉਸਾਰੀ ਦਾ 100% ਖਰਚਾ ਸਹਿਣ ਕੀਤਾ ਜਾਵੇਗਾ ਅਤੇ ਦਾਨਕਰਤਾ ਦੀ ਨਾਮ ਪੱਟੀ ਸਬੰਧਤ ਕਮਰੇ, ਲਾਇਬ੍ਰੇਰੀ, ਲੈਬੋਰੇਟਰੀ, ਸ਼ੈਡ ਆਦਿ ਦੇ ਬਾਹਰ ਲੱਗਾ ਦਿੱਤੀ ਜਾਵੇਗੀ । ਜੇਕਰ ਦਾਨਕਰਤਾ ਵੱਲੋਂ ਕੋਈ ਅਲੱਗ ਬਲਾਕ ਬਣਵਾਇਆ ਜਾਣਾ ਹੈ ਤਾਂ ਉਸ ਨੂੰ ਦਾਨਕਰਤਾ ਦਾ ਨਾਮ ਦਿੱਤਾ ਜਾ ਸਕਦਾ ਹੈ, ਬਸ਼ਰਤੇ ਅਜਿਹੀ ਉਸਾਰੀ ਦਾ 100% ਖਰਚਾ ਦਾਨਕਰਤਾ ਵੱਲੋਂ ਕੀਤਾ ਜਾਵੇਗਾ । ਜਿਹੜੇ ਵਿਅਕਤੀਆਂ ਵੱਲੋਂ ਸਕੂਲ ਦੀ ਬਿਲਡਿੰਗ ਦੀ ਉਸਾਰੀ ਲਈ ਜ਼ਮੀਨ ਦਾਨ ਕੀਤੀ ਗਈ ਹੈ, ਦੇ ਨਾਂ ਤੇ ਸਕੂਲ ਦਾ ਨਾਮ ਰੱਖਣ ਲਈ ਸਿਫਾਰਿਸ਼ ਕਰਨ ਸਮੇਂ ਸਬੰਧਤ ਅਥਾਰਟੀ ਵੱਲੋਂ ਅਜਿਹੇ ਨਾਮ ਰੱਖਣ ਬਾਰੇ ਸਿਫਾਰਿਸ਼ ਕਰਦੇ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇਗਾ :-

(a) ਜਿੱਥੇ ਕੀਤੇ ਜ਼ਮੀਨ ਇਕਵਾਇਰ ਕਰਨ ਦੀ ਜ਼ਰੂਰਤ ਹੈ/ਸੀ ।

(b) ਸਕੂਲ ਬਿਲਡਿੰਗ ਦੀ ਉਸਾਰੀ ਕਰਨ ਲਈ ਜ਼ਮੀਨ ਉੱਚਿਤ ਹੋਣੀ ਚਾਹੀਦੀ ਹੈ ।

(c) ਦਾਨ ਕੀਤੀ ਜਾ ਰਹੀ ਜ਼ਮੀਨ ਦੀ ਕਲੈਕਟ ਰੇਟਾਂ ਅਨੁਸਾਰ ਕੀਮਤ ਨਾਮ ਰੱਖਣ ਲਈ ਨਿਰਧਾਰਤ ਦਰਾਂ ਤੇ ਅਨੁਕੂਲ ਹੋਵੇ ।

(iii) ਵਿਦਿਅਕ ਅਦਾਰਿਆਂ ਦੇ ਨਾਮ ਬਦਲਣ ਸਬੰਧੀ ਕੇਸ ਸਿੱਖਿਆ ਵਿਭਾਗ ਦੇ ਆਨਲਾਈਨ ਪੋਰਟਲ ਤੇ ਸਕੂਲ ਵੱਲੋਂ ਅਪਲਾਈ ਕੀਤਾ ਜਾਵੇਗਾ। ਆਨਲਾਈਨ ਪ੍ਰਾਪਤ ਹੋਏ ਕੇਸਾਂ ਦੇ ਆਧਾਰ ਤੇ ਹਰ ਮਹੀਨੇ ਦੀ 15 ਤਾਰੀਖ ਨੂੰ ਮੀਟਿੰਗ ਦਾ ਅਜੰਡਾ ਤਿਆਰ ਕਰਕੇ ਰਾਜ ਪੱਧਰੀ ਕਮੇਟੀ ਮੈਂਬਰਾਂ ਨੂੰ ਭੇਜਿਆ ਜਾਵੇਗਾ। ਇਸ ਕਮੇਟੀ ਦੀ ਬਣਤਰ ਹੇਠ ਅਨੁਸਾਰ ਕੀਤੀ ਜਾਂਦੀ ਹੈ :-

| | | |
|---|---|---|
| (ੳ) ਪ੍ਰਬੰਧਕੀ ਸਕੱਤਰ, ਸਿੱਖਿਆ ਵਿਭਾਗ | : | ਚੇਅਰਮੈਨ |
| (ਅ) ਡਾਇਰੈਕਟਰ ਜਨਰਲ ਸਕੂਲ ਸਿੱਖਿਆ | : | ਮੈਂਬਰ |
| (ੲ) ਸਕੱਤਰ ਸੁਤੰਤਰਤਾ ਸੰਗਰਾਮੀ ਭਲਾਈ ਵਿਭਾਗ | : | ਮੈਂਬਰ |
| (ਸ) ਸਬੰਧਤ ਜਿਲ੍ਹੇ ਦੇ ਡਿਪਟੀ ਕਮਿਸ਼ਨਰ/ ਨੁਮਾਇੰਦਾ | : | ਮੈਂਬਰ |
| (ਹ) ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ | : | ਮੈਂਬਰ |
| (ਕ) ਸਬੰਧਤ ਜਿਲ੍ਹੇ ਦੇ ਐਸ.ਐਸ.ਪੀ./ਨੁਮਾਇੰਦਾ | : | ਮੈਂਬਰ |
| (ਖ) ਡਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) | : | ਮੈਂਬਰ |
| (ਗ) ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) | : | ਮੈਂਬਰ |
| (ਘ) ਡਾਇਰੈਕਟਰ ਕਲਚਰ ਐਂਡ ਟੂਰਜਿਮ/ ਨੁਮਾਇੰਦਾ | : | ਮੈਂਬਰ |
| (ਙ) ਡਾਇਰੈਕਟਰ ਸੈਨਿਕ ਵੈਲਫੇਅਰ ਵਿਭਾਗ/ ਨੁਮਾਇੰਦਾ | : | ਮੈਂਬਰ |
| (ਚ) ਡਾਇਰੈਕਟਰ ਸਪੋਰਟਸ ਵਿਭਾਗ/ ਨੁਮਾਇੰਦਾ | : | ਮੈਂਬਰ |
| (ਛ) ਡਾਇਰੈਕਟਰ ਭਾਸ਼ਾ ਵਿਭਾਗ / ਨੁਮਾਇੰਦਾ | : | ਮੈਂਬਰ |
| (ਜ) ਸਬੰਧਤ ਜਿਲ੍ਹੇ ਦਾ ਜਿਲ੍ਹਾ ਸਿੱਖਿਆ ਅਫਸਰ | : | ਮੈਂਬਰ |

(iv) ਕਮੇਟੀ ਦੀ ਮੀਟਿੰਗ ਹਰ ਇੱਕ ਮਹੀਨੇ ਦੇ ਆਖਰੀ ਸ਼ੁੱਕਰਵਾਰ ਨੂੰ ਕਰਵਾਈ ਜਾਵੇ ਅਤੇ ਜਿੰਨੇ ਵੀ ਕੇਸ ਪ੍ਰਾਪਤ ਹੁੰਦੇ ਹਨ ਉਸ ਨੂੰ ਕਮੇਟੀ ਅੱਗੇ ਪੇਸ਼ ਕੀਤਾ ਜਾਵੇ ।

(v) ਕਮੇਟੀ ਦੀ ਮੀਟਿੰਗ ਹੋਣ ਉਪਰੰਤ ਪ੍ਰੋਸੀਡਿੰਗਜ਼ ਸਮਰੱਥ ਅਧਿਕਾਰੀ ਰਾਹੀਂ ਮਾਨਯੋਗ ਸਿੱਖਿਆ ਮੰਤਰੀ ਜੀ ਨੂੰ ਪ੍ਰਵਾਨਗੀ ਹਿੱਤ ਭੇਜੀਆਂ ਜਾਣਗੀਆਂ । ਪ੍ਰਵਾਨਗੀ ਉਪਰੰਤ ਆਨਲਾਈਨ ਨੋਟੀਫਿਕੇਸ਼ਨ ਜਾਰੀ ਕੀਤੀ ਜਾਵੇਗੀ ।

3. ਉਪਰੋਕਤ ਵਰਨਣ ਕੀਤੀਆਂ ਗਈਆਂ ਹਦਾਇਤਾਂ ਦੇ ਮੱਦੇਨਜ਼ਰ ਸਿੱਖਿਆ ਵਿਭਾਗ ਸਕੂਲ ਦੇ ਵਿੱਦਿਅਕ ਅਦਾਰਿਆਂ ਦੇ ਨਾਮ ਮਹੱਤਵਪੂਰਨ ਸ਼ਖਸੀਅਤਾਂ ਦੇ ਨਾਮ ਤੇ ਰੱਖਣ ਸਬੰਧੀ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ।

ਸਕੱਤਰ ਸਕੂਲ ਸਿੱਖਿਆ ਵਿਭਾਗ

ਪਿੱ:ਅੰ:ਨੰ:DPISE-SEDUORENM/27/2020-SE-DPISE/2021/24527-32 ਮਿਤੀ : 22-1-2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ ।
2. ਨਿੱਜੀ ਸਹਾਇਕ/ਸਕੱਤਰ ਸਕੂਲ ਸਿੱਖਿਆ ।
3. ਸਮੂਹ ਸੁਪਰਡੰਟ, ਸਿੱਖਿਆ-2,3,4,5,6 ਅਤੇ 7 ਸ਼ਾਖਾ ।
4. ਓ.ਐਸ.ਡੀ (ਲਿਟੀਗੇਸ਼ਨ) ।
5. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ/ਐ:ਸਿ) ।
6. ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ) ।

ਸਕੱਤਰ ਸਕੂਲ ਸਿੱਖਿਆ ਵਿਭਾਗ